

# ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ

## ਸਾਡੀ ਕਾਰਜ ਯੋਜਨਾ

2024–2028

Punjabi | ਪੰਜਾਬੀ

ਸੌਖਾ ਪੜ੍ਹਨ ਵਾਲਾ ਸਰੂਪ

ਈਜ਼ੀ ਰੀਡ

ndis

ndis.gov.au

# ਇਸ ਕਾਰਵਾਈ ਯੋਜਨਾ ਦੀ ਵਰਤੋਂ ਕਿਵੇਂ ਕਰੀਏ




ਇਸ ਕਾਰਵਾਈ ਯੋਜਨਾ ਨੂੰ ਨੈਸ਼ਨਲ ਡਿਸਏਬਿਲਟੀ ਇੰਸ਼ੋਰੈਂਸ ਏਜੰਸੀ (NDIA) ਨੇ ਲਿਖਿਆ ਹੈ।

ਜਦੋਂ ਤੁਸੀਂ 'ਅਸੀਂ' ਸ਼ਬਦ ਦੇਖਦੇ ਹੋ, ਤਾਂ ਇਸਦਾ ਅਰਥ ਹੈ NDIA।



ਅਸੀਂ ਇਸ ਕਾਰਵਾਈ ਯੋਜਨਾ ਨੂੰ ਪੜ੍ਹਨ ਲਈ ਆਸਾਨ ਤਰੀਕੇ ਨਾਲ ਲਿਖਿਆ ਹੈ।

ਅਸੀਂ ਕੁੱਝ ਵਿਚਾਰਾਂ ਨੂੰ ਸਮਝਾਉਣ ਲਈ ਤਸਵੀਰਾਂ ਦੀ ਵਰਤੋਂ ਕਰਦੇ ਹਾਂ।

**ਮੋਟੇ ਅਤੇ ਗੂੜ੍ਹੇ ਅੱਖਰ**

ਮੋਟੇ ਅਤੇ ਗੂੜ੍ਹੇ ਅੱਖਰ ਨਹੀਂ

ਅਸੀਂ ਕੁੱਝ ਮਹੱਤਵਪੂਰਨ ਸ਼ਬਦ **ਮੋਟੇ ਅਤੇ ਗੂੜ੍ਹੇ** ਅੱਖਰਾਂ ਵਿੱਚ ਲਿਖੇ ਹਨ।

ਇਸ ਦਾ ਮਤਲਬ ਹੈ ਕਿ ਅੱਖਰ ਮੋਟੇ ਅਤੇ ਗੂੜ੍ਹੇ ਹਨ।




ਅਸੀਂ ਸਮਝਾਉਂਦੇ ਹਾਂ ਕਿ ਇਹਨਾਂ ਸ਼ਬਦਾਂ ਦਾ ਕੀ ਅਰਥ ਹੈ।

47 ਪੰਨੇ 'ਤੇ ਇਨ੍ਹਾਂ ਸ਼ਬਦਾਂ ਦੀ ਸੂਚੀ ਹੈ।



ਇਹ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਕਾਰਜ ਯੋਜਨਾ 2024–2028 ਦਾ ਇੱਕ ਆਸਾਨ ਤਰੀਕੇ ਨਾਲ ਪੜ੍ਹਿਆ ਜਾਣ ਵਾਲਾ ਸੰਸਕਰਣ ਹੈ ।




ਤੁਸੀਂ ਸਾਡੀ ਵੈੱਬਸਾਈਟ 'ਤੇ *ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਕਾਰਜ ਯੋਜਨਾ* 2024–2028 ਲੱਭ ਸਕਦੇ ਹੋ।

**www.ndis.gov.au/CALD**



ਤੁਸੀਂ ਇਸ ਕਾਰਵਾਈ ਯੋਜਨਾ ਨੂੰ ਪੜ੍ਹਨ ਲਈ ਮੱਦਦ ਮੰਗ ਸਕਦੇ ਹੋ।

ਕੋਈ ਦੋਸਤ, ਪਰਿਵਾਰਕ ਮੈਂਬਰ ਜਾਂ ਸਹਾਇਕ ਵਿਅਕਤੀ ਤੁਹਾਡੀ ਮੱਦਦ ਕਰਨ ਦੇ ਯੋਗ ਹੋ ਸਕਦਾ ਹੈ।



ਇਹ ਇੱਕ ਲੰਮਾ ਦਸਤਾਵੇਜ਼ ਹੈ।



ਤੁਹਾਨੂੰ ਇਹ ਸਭ ਇੱਕੋ ਵਾਰ ਪੜ੍ਹਨ ਦੀ ਲੋੜ ਨਹੀਂ ਹੈ।

ਤੁਸੀਂ ਆਪਣਾ ਸਮਾਂ ਲੈ ਸਕਦੇ ਹੋ



ਅਸੀਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਸਾਡੀ ਧਰਤੀ - ਆਸਟ੍ਰੇਲੀਆ ਦੇ ਰਵਾਇਤੀ ਮਾਲਕਾਂ ਵਜੋਂ ਮਾਨਤਾ ਦਿੰਦੇ ਹਾਂ।



ਉਹ ਪਹਿਲੇ ਲੋਕ ਸਨ ਜੋ ਇਹਨਾਂ 'ਤੇ ਰਹਿੰਦੇ ਹਨ ਅਤੇ ਇਹਨਾਂ ਦੀ ਵਰਤੋਂ ਕਰਦੇ ਸਨ:

- ਜ਼ਮੀਨਾਂ
- ਪਾਣੀਆਂ।

# ਇਸ ਕਾਰਜ ਯੋਜਨਾ ਵਿੱਚ ਕੀ ਹੈ?


| | |
|---|---|
| CALD ਦਾ ਕੀ ਮਤਲਬ ਹੈ? | 5 |
| ਸਾਡੀ ਕਾਰਜ ਯੋਜਨਾ ਬਾਰੇ | 7 |
| 1. ਜਦੋਂ ਅਸੀਂ ਕੰਮ ਕਰਦੇ ਹਾਂ ਤਾਂ CALD ਭਾਗੀਦਾਰਾਂ 'ਤੇ ਧਿਆਨ-ਕੇਂਦਰਿਤ ਕਰਨਾ | 8 |
| 2. ਇਹ ਯਕੀਨੀ ਬਣਾਉਣਾ ਕਿ ਸਾਡੇ ਸਟਾਫ਼ ਕੋਲ ਸਹੀ ਹੁਨਰ ਹਨ | 16 |
| 3. ਅਸੀਂ ਜਾਣਕਾਰੀ ਕਿਵੇਂ ਸਾਂਝੀ ਕਰਦੇ ਹਾਂ | 23 |
| 4. ਚੋਣ ਅਤੇ ਨਿਯੰਤਰਣ | 31 |
| 5. CALD ਭਾਗੀਦਾਰਾਂ ਬਾਰੇ ਡੇਟਾ | 37 |
| 6. ਅਸੀਂ ਭਾਈਚਾਰੇ ਨਾਲ ਕਿਵੇਂ ਜੁੜਦੇ ਹਾਂ | 40 |
| ਹੋਰ ਜਾਣਕਾਰੀ | 45 |
| ਸ਼ਬਦ ਸੂਚੀ | 47 |

# CALD ਦਾ ਕੀ ਮਤਲਬ ਹੈ?




**ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD)** ਲੋਕ ਉਹ ਲੋਕ ਹਨ ਜੋ:

- ਵੱਖ-ਵੱਖ ਪਿਛੋਕੜਾਂ ਤੋਂ ਆਉਂਦੇ ਹਨ
- ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਬੋਲਦੇ ਹਨ।

ਆਸਟ੍ਰੇਲੀਆ ਵਿੱਚ:



- ਲਗਭਗ **8 ਮਿਲੀਅਨ** ਲੋਕ ਹਨ ਜੋ ਵਿਦੇਸ਼ ਵਿੱਚ ਪੈਦਾ ਹੋਏ ਸਨ




- ਲੋਕ **300** ਤੋਂ ਵੱਧ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ।



ਜਦੋਂ ਤੁਸੀਂ ਕਿਸੇ ਚੀਜ਼ ਵਜੋਂ **ਪਛਾਣੇ ਜਾਂਦੇ** ਹੋ, ਤਾਂ ਤੁਸੀਂ ਕਹਿ ਰਹੇ ਹੁੰਦੇ ਹੋ ਕਿ ਤੁਸੀਂ ਲੋਕਾਂ ਦੇ ਇੱਕ ਖ਼ਾਸ ਗਰੁੱਪ ਨਾਲ ਸੰਬੰਧਿਤ ਹੋ।



ਆਸਟ੍ਰੇਲੀਆ ਵਿੱਚ ਰਹਿਣ ਵਾਲੇ **30%** ਲੋਕ ਇੱਕ CALD ਵਿਅਕਤੀ ਵਜੋਂ ਪਛਾਣੇ ਜਾਂਦੇ ਹਨ।



ਰਾਸ਼ਟਰੀ ਅਪੰਗਤਾ ਬੀਮਾ ਯੋਜਨਾ (NDIS) ਦੇ **10% ਭਾਗੀਦਾਰ** ਇੱਕ CALD ਵਿਅਕਤੀ ਵਜੋਂ ਪਛਾਣੇ ਜਾਂਦੇ ਹਨ।



ਭਾਗੀਦਾਰ ਅਪੰਗਤਾ ਵਾਲੇ ਲੋਕ ਉਹ ਹੁੰਦੇ ਹਨ ਜੋ NDIS ਵਿੱਚ ਹਿੱਸਾ ਲੈਂਦੇ ਹਨ।

# ਸਾਡੀ ਕਾਰਜ ਯੋਜਨਾ ਬਾਰੇ




ਅਸੀਂ ਨਵੀਂ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਰਣਨੀਤੀ 2024–2028 ਲਿਖੀ ਹੈ।

ਅਸੀਂ ਇਸਨੂੰ ਰਣਨੀਤੀ ਕਹਿੰਦੇ ਹਾਂ।

ਇਹ ਰਣਨੀਤੀ ਇੱਕ ਯੋਜਨਾ ਹੈ ਕਿ ਅਸੀਂ CALD ਭਾਗੀਦਾਰਾਂ ਲਈ NDIS ਨੂੰ ਕਿਵੇਂ ਬਿਹਤਰ ਬਣਾਵਾਂਗੇ।




ਇਹ ਕਾਰਜ ਯੋਜਨਾ ਦੱਸਦੀ ਹੈ ਕਿ ਅਸੀਂ ਰਣਨੀਤੀ ਦਾ ਸਮਰਥਨ ਕਰਨ ਲਈ ਕੀ ਕਰਾਂਗੇ।




ਇਹ ਦੱਸਦੀ ਹੈ:

- ਕਾਰਵਾਈਆਂ ਜੋ ਅਸੀਂ ਕਰਾਂਗੇ
- **ਨਤੀਜੇ ਜੋ** ਅਸੀਂ ਚਾਹੁੰਦੇ ਹਾਂ।

ਨਤੀਜੇ ਉਹ ਤਰੀਕੇ ਹਨ ਜਿਨ੍ਹਾਂ ਨਾਲ ਸਾਡਾ ਕੰਮ ਲੋਕਾਂ ਦੇ ਜੀਵਨ ਨੂੰ ਬਦਲਦਾ ਹੈ।




ਅਸੀਂ ਬਿਹਤਰ ਨਤੀਜੇ ਪ੍ਰਾਪਤ ਕਰਨਾ ਚਾਹੁੰਦੇ ਹਾਂ, ਜੋ ਕਿ NDIS ਨਾਲ ਭਾਗੀਦਾਰਾਂ ਦੇ ਅਨੁਭਵਾਂ ਵਿੱਚ ਸੁਧਾਰ ਕਰਨ।



ਇਹ ਕਾਰਵਾਈ ਯੋਜਨਾ ਇਹ ਵੀ ਦੱਸਦੀ ਹੈ ਕਿ ਸਾਨੂੰ ਕਿਵੇਂ ਪਤਾ ਲੱਗੇਗਾ ਕਿ ਕੀ ਕਾਰਵਾਈਆਂ ਕਾਰਗਾਰ ਹੋ ਰਹੀਆਂ ਹਨ।

# 1. ਜਦੋਂ ਅਸੀਂ ਕੰਮ ਕਰਦੇ ਹਾਂ ਤਾਂ CALD ਭਾਗੀਦਾਰਾਂ 'ਤੇ ਧਿਆਨ-ਕੇਂਦਰਿਤ ਕਰਨਾ

## ਕਾਰਵਾਈ 1



ਅਸੀਂ ਇਹ ਯਕੀਨੀ ਬਣਾਉਣ ਲਈ ਭਾਈਚਾਰੇ ਦੇ ਦੂਜੇ ਲੋਕਾਂ ਨਾਲ ਮਿਲਕੇ ਕੰਮ ਕਰਾਂਗੇ ਕਿ ਹਰ ਕੋਈ ਜਾਣਦਾ ਹੋਵੇ ਕਿ NDIA ਵਿੱਚ ਕੁੱਝ ਮਹੱਤਵਪੂਰਨ ਸ਼ਬਦਾਂ ਦਾ ਕੀ ਮਤਲਬ ਹੈ।

ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਇਹ ਸ਼ਬਦ ਸਾਰੇ **ਸੱਭਿਆਚਾਰਾਂ** ਲਈ ਸੁਰੱਖਿਅਤ ਹਨ।



ਤੁਹਾਡਾ ਸੱਭਿਆਚਾਰ ਹੁੰਦਾ ਹੈ:

- ਤੁਹਾਡਾ ਜੀਵਨ ਢੰਗ
- ਤੁਹਾਡੇ ਲਈ ਕੀ ਮਹੱਤਵਪੂਰਨ ਹੈ।



ਅਸੀਂ ਯਕੀਨੀ ਬਣਾਵਾਂਗੇ ਕਿ ਹਰ ਕੋਈ ਜਾਣਦਾ ਹੈ ਕਿ **ਸੱਭਿਆਚਾਰਕ ਸੁਰੱਖਿਆ** ਸ਼ਬਦਾਂ ਦਾ ਕੀ ਅਰਥ ਹੈ।



ਸੱਭਿਆਚਾਰਕ ਸੁਰੱਖਿਆ ਉਦੋਂ ਹੁੰਦੀ ਹੈ ਜਦੋਂ ਅਸੀਂ:

- ਲੋਕਾਂ ਦੇ ਸੱਭਿਆਚਾਰ ਦਾ ਸਤਿਕਾਰ ਕਰਦੇ ਹਾਂ
- ਲੋਕਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਂਦੇ ਹਾਂ
- ਲੋਕਾਂ ਨੂੰ ਇਹ ਮਹਿਸੂਸ ਕਰਨ ਵਿੱਚ ਮੱਦਦ ਕਰਦੇ ਹਾਂ ਕਿ ਉਹ ਨਾਲ ਜੁੜੇ ਹੋਏ ਹਨ।



ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਹਰ ਕੋਈ ਜਾਣਦਾ ਹੈ ਕਿ **ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਜਵਾਬਦੇਹ ਸੇਵਾ ਦਾ** ਕੀ ਅਰਥ ਹੈ।

ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਜਵਾਬਦੇਹ ਸੇਵਾ ਉਦੋਂ ਹੁੰਦੀ ਹੈ ਜਦੋਂ ਸੇਵਾਵਾਂ ਉਹਨਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਸੱਭਿਆਚਾਰਾਂ ਅਤੇ ਧਰਮਾਂ ਦਾ ਆਦਰ ਕਰਦੀਆਂ ਹਨ।



ਅਸੀਂ ਇਹ ਯਕੀਨੀ ਬਣਾਵਾਂਗੇ ਕਿ ਅਸੀਂ ਇਹਨਾਂ ਸ਼ਬਦਾਂ ਦੀ ਵਰਤੋਂ ਕਰਦੇ ਹਾਂ:

- ਉਸ ਜਾਣਕਾਰੀ ਵਿੱਚ ਜੋ ਅਸੀਂ ਸਾਂਝੀ ਕਰਦੇ ਹਾਂ
- ਉਹਨਾਂ ਤਰੀਕਿਆਂ ਨਾਲ ਜਿੰਨ੍ਹਾਂ ਨਾਲ ਅਸੀਂ ਭਾਗੀਦਾਰਾਂ ਦਾ ਸਮਰਥਨ ਕਰਦੇ ਹਾਂ।



ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਸਾਡਾ ਸਟਾਫ਼ ਅਤੇ **NDIS ਭਾਈਵਾਲ** ਸਮਝਦੇ ਹਨ ਕਿ ਇਹਨਾਂ ਸ਼ਬਦਾਂ ਦਾ ਕੀ ਮਤਲਬ ਹੈ।

NDIS ਭਾਈਵਾਲ ਉਹ ਲੋਕ ਹੁੰਦੇ ਹਨ ਜੋ ਸੇਵਾਵਾਂ ਨੂੰ ਲੱਭਣ ਅਤੇ ਵਰਤਣ ਵਿੱਚ ਦੂਜਿਆਂ ਦੀ ਮੱਦਦ ਕਰਦੇ ਹਨ।

ਇਸ ਕਾਰਵਾਈ ਯੋਜਨਾ ਵਿੱਚ, ਅਸੀਂ ਉਹਨਾਂ ਨੂੰ ਆਪਣੇ ਭਾਈਵਾਲ ਕਹਿੰਦੇ ਹਾਂ।



ਅਸੀਂ ਉਹਨਾਂ ਸ਼ਬਦਾਂ ਨੂੰ ਸ਼ਾਮਲ ਕਰਨ ਲਈ ਜਾਣਕਾਰੀ ਅਤੇ ਸੇਵਾਵਾਂ ਨੂੰ ਅੱਪਡੇਟ ਕਰਾਂਗੇ ਜੋ ਸਾਰੇ ਸੱਭਿਆਚਾਰਾਂ ਲਈ ਸੁਰੱਖਿਅਤ ਹਨ।

ਅਸੀਂ ਜੋ ਅੱਪਡੇਟ ਕਰਦੇ ਹਾਂ ਉਸ 'ਤੇ ਨਜ਼ਰ ਰੱਖ ਕੇ ਇਹ ਜਾਂਚ ਕਰਾਂਗੇ ਕਿ ਕੀ ਇਹ ਕਾਰਵਾਈ ਕੰਮ ਕਰ ਰਹੀ ਹੈ।




ਅਸੀਂ ਇਸ ਬਾਰੇ ਸਾਡੇ ਦਿਸ਼ਾ-ਨਿਰਦੇਸ਼ਾਂ ਨੂੰ ਅਪਡੇਟ ਕਰਾਂਗੇ ਕਿ NDIS ਕਿਵੇਂ ਕੰਮ ਕਰਦਾ ਹੈ।

ਅਸੀਂ ਇਸ ਬਾਰੇ ਜਾਣਕਾਰੀ ਸ਼ਾਮਲ ਕਰਾਂਗੇ ਕਿ ਕਿਵੇਂ:

- ਸਾਰੇ ਸੱਭਿਆਚਾਰਾਂ ਲਈ ਸੁਰੱਖਿਅਤ ਰਹਿਣਾ ਹੈ
- ਭਾਗੀਦਾਰਾਂ ਵੱਲੋਂ ਸਮਝੇ ਜਾਣ ਵਾਲੇ ਸ਼ਬਦਾਂ ਦੀ ਵਰਤੋਂ ਕਰੀਏ
- ਸ਼ਮੂਲੀਅਤ **ਭਰੇ ਹੋਣਾ ਹੈ**।



ਜਦੋਂ ਕੋਈ ਚੀਜ਼ ਸ਼ਮੂਲੀਅਤ ਭਰੀ ਹੁੰਦੀ ਹੈ, ਤਾਂ ਹਰ ਕੋਈ:

- ਹਿੱਸਾ ਲੈ ਸਕਦਾ ਹੈ
- ਮਹਿਸੂਸ ਕਰਦਾ ਹੈ ਕਿ ਉਹ ਇਸ ਨਾਲ ਜੁੜਿਆ ਹੋਇਆ ਹੈ।



ਅਸੀਂ ਇਹਨਾਂ 'ਤੇ ਨਜ਼ਰ ਰੱਖ ਕੇ ਜਾਂਚ ਕਰਾਂਗੇ ਕਿ ਕੀ ਇਹ ਕਾਰਵਾਈ ਕੰਮ ਕਰ ਰਹੀ ਹੈ:

- ਅਸੀਂ ਕਿੰਨੇ ਦਿਸ਼ਾ-ਨਿਰਦੇਸ਼ਾਂ ਨੂੰ ਅੱਪਡੇਟ ਕਰਦੇ ਹਾਂ
- ਕਿਹੜੇ ਦਿਸ਼ਾ-ਨਿਰਦੇਸ਼ CALD ਭਾਗੀਦਾਰਾਂ ਦੀ ਲੋੜ ਦਾ ਸਮਰਥਨ ਕਰਦੇ ਹਨ।



ਅਸੀਂ CALD ਭਾਗੀਦਾਰਾਂ ਦੀ ਲੋੜ ਨੂੰ ਬਿਹਤਰ ਢੰਗ ਨਾਲ ਸਮਝਣ ਲਈ **NDIA ਯੋਜਨਾਕਾਰਾਂ ਦੀ** ਸਹਾਇਤਾ ਕਰਾਂਗੇ।




NDIA ਯੋਜਨਾਕਾਰ ਉਹ ਹੁੰਦਾ ਹੈ ਜੋ:

- ਨਵੀਆਂ ਯੋਜਨਾਵਾਂ ਬਣਾਉਂਦਾ ਹੈ
- ਯੋਜਨਾਵਾਂ ਨੂੰ ਬਦਲਦਾ ਹੈ।




ਇਸ ਵਿੱਚ ਇਹ ਜਾਣਕਾਰੀ ਸ਼ਾਮਲ ਹੈ ਕਿ ਜਦੋਂ ਭਾਸ਼ਾ ਇੱਕ **ਰੁਕਾਵਟ** ਹੁੰਦੀ ਹੈ ਤਾਂ CALD ਭਾਗੀਦਾਰਾਂ ਦੀ ਸਹਾਇਤਾ ਕਿਵੇਂ ਕਰਨੀ ਹੈ।

ਇੱਕ ਰੁਕਾਵਟ ਉਹ ਚੀਜ਼ ਹੈ ਜੋ ਤੁਹਾਨੂੰ ਕੁੱਝ ਅਜਿਹਾ ਕਰਨ ਤੋਂ ਰੋਕਦੀ ਹੈ ਜੋ:

- ਤੁਹਾਨੂੰ ਕਰਨ ਦੀ ਲੋੜ ਹੈ
- ਤੁਸੀਂ ਕਰਨਾ ਚਾਹੁੰਦੇ ਹੋ।



ਅਸੀਂ ਇਹ ਯਕੀਨੀ ਬਣਾਵਾਂਗੇ ਕਿ ਯੋਜਨਾਕਾਰ ਜਾਣਦੇ ਹਨ ਕਿ ਵੱਖ-ਵੱਖ ਭਾਸ਼ਾਵਾਂ ਵਿੱਚ ਜਾਣਕਾਰੀ ਕਿਵੇਂ ਲੱਭਣੀ ਅਤੇ ਵਰਤਣੀ ਹੈ।

ਅਸੀਂ ਇਹਨਾਂ 'ਤੇ ਨਜ਼ਰ ਰੱਖ ਕੇ ਜਾਂਚ ਕਰਾਂਗੇ ਕਿ ਕੀ ਇਹ ਕਾਰਵਾਈ ਕੰਮ ਕਰ ਰਹੀ ਹੈ ਜਾਂ ਨਹੀਂ ਕਿ ਕਿੰਨੇ CALD ਭਾਗੀਦਾਰ:




- ਵੱਖ-ਵੱਖ ਭਾਸ਼ਾਵਾਂ ਵਿੱਚ NDIS ਜਾਣਕਾਰੀ ਦੀ ਵਰਤੋਂ ਕਰਦੇ ਹਨ



- ਉਹਨਾਂ ਨੂੰ ਲੋੜੀਂਦੀ ਸਹਾਇਤਾ ਪ੍ਰਾਪਤ ਕਰਦੇ ਹਨ



- ਇਹ ਗੱਲ ਸਾਂਝਾ ਕਰਦੇ ਹਨ ਕਿ ਆਪਣੇ ਯੋਜਨਾਕਾਰ ਨਾਲ ਉਨ੍ਹਾਂ ਦਾ ਚੰਗਾ ਅਨੁਭਵ ਰਿਹਾ ਹੈ

## ਕਾਰਵਾਈ 4



ਅਸੀਂ ਆਪਣੇ ਸਟਾਫ਼ ਅਤੇ ਭਾਈਵਾਲਾਂ ਨਾਲ ਇਸ ਬਾਰੇ ਜਾਣਕਾਰੀ ਸਾਂਝੀ ਕਰਾਂਗੇ ਕਿ ਆਸਟ੍ਰੇਲੀਆ ਵਿੱਚ ਨਵੇਂ ਆਏ ਲੋਕਾਂ ਦੀ ਸਹਾਇਤਾ ਕਿਵੇਂ ਕਰਨੀ ਹੈ।

ਇਸ ਵਿੱਚ ਉਹ ਸਹਾਇਤਾ ਵੀ ਸ਼ਾਮਲ ਹੈ ਜੋ **ਸ਼ਰਨਾਰਥੀਆਂ** ਲਈ ਸੁਰੱਖਿਅਤ ਹੈ।



ਸ਼ਰਨਾਰਥੀ ਉਹ ਵਿਅਕਤੀ ਹੁੰਦਾ ਹੈ ਜੋ ਇਹਨਾਂ ਕਰਕੇ ਆਪਣਾ ਦੇਸ਼ ਛੱਡਣ ਲਈ ਮਜ਼ਬੂਰ ਹੁੰਦਾ ਹੈ:

- ਹਿੰਸਾ ਦੇ ਕਾਰਨ - ਜਦੋਂ ਕੋਈ ਤੁਹਾਨੂੰ ਨੁਕਸਾਨ ਪਹੁੰਚਾਉਂਦਾ ਹੈ
- ਤਾਂ ਕਿ ਉਹ ਸੁਰੱਖਿਅਤ ਰਹਿ ਸਕਣ।



ਅਸੀਂ ਯਕੀਨੀ ਬਣਾਵਾਂਗੇ ਕਿ ਸਾਡੇ ਸਟਾਫ਼ ਅਤੇ ਭਾਈਵਾਲ ਇਸ ਜਾਣਕਾਰੀ ਨੂੰ ਲੱਭ ਸਕਣ ਅਤੇ ਵਰਤ ਸਕਣ।




ਅਸੀਂ ਇਸ ਕਾਰਵਾਈ ਦੀ ਕਾਰਗਰ ਹੋਣ ਦੀ ਜਾਂਚ ਇਹਨਾਂ ਦੁਆਰਾ ਕਰਾਂਗੇ ਕਿ ਕਿੰਨੇ ਸ਼ਰਨਾਰਥੀ ਅਤੇ ਆਸਟ੍ਰੇਲੀਆ ਵਿੱਚ ਨਵੇਂ ਆਏ ਲੋਕ:

- NDIS ਵਿੱਚ ਹਿੱਸਾ ਲੈਂਦੇ ਹਨ
- NDIS ਦੀ ਵਰਤੋਂ ਕਰਦੇ ਹਨ।

## ਕਾਰਵਾਈ 5




ਅਸੀਂ NDIS ਵਿੱਚ ਹਿੱਸਾ ਲੈਣ ਲਈ ਲੋਕਾਂ ਦੀ ਬਿਹਤਰ ਤਰੀਕੇ ਨਾਲ ਸਹਾਇਤਾ ਲਈ ਹੋਰ ਸਰਕਾਰੀ ਸੰਸਥਾਵਾਂ ਨਾਲ ਮਿਲਕੇ ਕੰਮ ਕਰਾਂਗੇ।



ਇਹਨਾਂ ਵਿੱਚ ਸ਼ਾਮਲ ਹਨ:

- ਸ਼ਰਨਾਰਥੀ
- ਉਹ ਲੋਕ ਜੋ ਆਸਟ੍ਰੇਲੀਆ ਵਿੱਚ ਨਵੇਂ ਆਏ ਹਨ।




ਅਸੀਂ ਆਸਟ੍ਰੇਲੀਆ ਵਿੱਚ ਨਵੇਂ ਆਏ ਲੋਕਾਂ ਬਾਰੇ ਜਾਣਕਾਰੀ ਦੀ ਵਰਤੋਂ ਕਰਾਂਗੇ ਤਾਂ ਜੋ ਉਹਨਾਂ ਲਈ NDIS ਵਿੱਚ ਹਿੱਸਾ ਲੈਣਾ ਆਸਾਨ ਬਣਾਇਆ ਜਾ ਸਕੇ।

ਇਸ ਵਿੱਚ ਉਹਨਾਂ ਦੁਆਰਾ ਕੀਤੇ ਗਏ **ਮੁਲਾਂਕਣ** ਸ਼ਾਮਲ ਹਨ।




ਮੁਲਾਂਕਣ ਇਹ ਹੁੰਦੇ ਹਨ ਕਿ ਅਸੀਂ ਕਿਵੇਂ ਪਤਾ ਲਗਾਉਂਦੇ ਹਾਂ ਕਿ:

- ਤੁਹਾਡੀ ਅਪੰਗਤਾ ਤੁਹਾਡੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ
- ਤੁਹਾਨੂੰ NDIS ਤੋਂ ਕਿਸ ਸਹਾਇਤਾ ਦੀ ਲੋੜ ਹੈ।




ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦਾ ਪਤਾ ਇਹ ਜਾਂਚ ਕੇ ਕਰਾਂਗੇ ਕਿ ਕਿੰਨੇ ਸ਼ਰਨਾਰਥੀ ਅਤੇ ਆਸਟ੍ਰੇਲੀਆ ਵਿੱਚ ਨਵੇਂ ਆਏ ਲੋਕ NDIS ਵਿੱਚ ਹਿੱਸਾ ਲੈਂਦੇ ਹਨ।

## ਕਾਰਵਾਈ 6




ਅਸੀਂ **NDIS ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ (NDIS Quality and Safeguards Commission)** ਨਾਲ ਮਿਲ ਕੇ ਨਵੇਂ ਨਿਯਮ ਬਣਾਵਾਂਗੇ ਕਿ ਅਸੀਂ ਕਿਵੇਂ ਕੰਮ ਕਰਾਂਗੇ।

ਅਸੀਂ ਉਹਨਾਂ ਨੂੰ NDIS ਕਮਿਸ਼ਨ ਕਹਿੰਦੇ ਹਾਂ।



NDIS ਕਮਿਸ਼ਨ ਇਹ ਯਕੀਨੀ ਬਣਾਉਂਦਾ ਹੈ ਕਿ ਅਪੰਗਤਾ ਵਾਲੇ ਜੋ ਲੋਕ NDIS ਵਿੱਚ ਹਿੱਸਾ ਲੈਂਦੇ ਹਨ:

- ਉਹ ਸੁਰੱਖਿਅਤ ਹਨ
- ਉਹ ਚੰਗੀਆਂ ਸੇਵਾਵਾਂ ਪ੍ਰਾਪਤ ਕਰਦੇ ਹਨ।



ਇਹ ਨਿਯਮ ਅਪੰਗਤਾ ਵਾਲੇ CALD ਲੋਕਾਂ ਦੀ ਮੱਦਦ ਕਰਨਗੇ:

- ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰਨ ਵਿੱਚ
- NDIA ਦੁਆਰਾ ਲਏ ਗਏ ਫ਼ੈਸਲਿਆਂ 'ਤੇ ਸਵਾਲ ਉਠਾਉਣ ਵਿੱਚ।



ਅਸੀਂ ਅਪੰਗਤਾ ਵਾਲੇ CALD ਲੋਕਾਂ ਨੂੰ ਉਹਨਾਂ ਦੇ ਵਿਚਾਰ ਸਾਂਝੇ ਕਰਨ ਲਈ ਸਹਾਇਤਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਲੱਭਾਂਗੇ।



ਅਸੀਂ ਇਹ ਪਤਾ ਲਗਾਕੇ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਕਰਾਂਗੇ ਕਿ ਕਿੰਨੇ CALD ਅਪੰਗਤਾ ਵਾਲੇ ਲੋਕ ਸਾਡੇ ਨਾਲ ਆਪਣੇ ਅਨੁਭਵ ਸਾਂਝੇ ਕਰਦੇ ਹਨ।

# 2. ਇਹ ਯਕੀਨੀ ਬਣਾਉਣਾ ਕਿ ਸਾਡੇ ਸਟਾਫ਼ ਕੋਲ ਸਹੀ ਹੁਨਰ ਹਨ

## ਕਾਰਵਾਈ 7



ਅਸੀਂ ਆਪਣੇ ਸਟਾਫ਼ ਅਤੇ ਭਾਈਵਾਲਾਂ ਲਈ ਇੱਕ ਨਵਾਂ ਸਿਖਲਾਈ ਪ੍ਰੋਗਰਾਮ ਤਿਆਰ ਕਰਾਂਗੇ।

ਅਸੀਂ ਇਸ ਪ੍ਰੋਗਰਾਮ ਨੂੰ ਬਣਾਉਣ ਲਈ ਭਾਈਚਾਰੇ ਅਤੇ ਸਰਕਾਰੀ ਸੰਸਥਾਵਾਂ ਨਾਲ ਮਿਲਕੇ ਕੰਮ ਕਰਾਂਗੇ।



ਸਿਖਲਾਈ ਸਾਡੇ ਸਟਾਫ਼ ਅਤੇ ਭਾਈਵਾਲਾਂ ਨੂੰ ਇਹ ਸਿੱਖਣ ਵਿੱਚ ਮੱਦਦ ਕਰੇਗੀ ਕਿ CALD ਲੋਕਾਂ ਨਾਲ ਸੁਰੱਖਿਅਤ ਤਰੀਕੇ ਨਾਲ ਕਿਵੇਂ ਜੁੜਨਾ ਹੈ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਸਾਡੇ ਕਿੰਨੇ ਸਟਾਫ਼ ਅਤੇ ਭਾਈਵਾਲਾਂ ਨੇ:



- ਇਹ ਸਿਖਲਾਈ ਪੂਰੀ ਕੀਤੀ ਹੈ



- ਸਮਝਦੇ ਹਨ ਕਿ ਲੋਕਾਂ ਦੀ ਉਹਨਾਂ ਤਰੀਕਿਆਂ ਨਾਲ ਕਿਵੇਂ ਸਹਾਇਤਾ ਕਰਨੀ ਹੈ ਜੋ ਸਾਰੇ ਸੱਭਿਆਚਾਰਾਂ ਲਈ ਸੁਰੱਖਿਅਤ ਹਨ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ CALD ਭਾਗੀਦਾਰ ਸਾਨੂੰ ਦੱਸਦੇ ਹਨ ਕਿ ਸਾਡੇ ਸਟਾਫ਼ ਅਤੇ ਭਾਈਵਾਲਾਂ ਨਾਲ ਉਹਨਾਂ ਦਾ ਅਨੁਭਵ ਬਿਹਤਰ ਰਿਹਾ ਹੈ।

## ਕਾਰਵਾਈ 8



ਅਸੀਂ ਸਾਡੇ ਨਾਲ ਨੌਕਰੀ ਕਰਨ ਲਈ ਵਧੇਰੇ CALD ਲੋਕਾਂ ਦੀ ਸਹਾਇਤਾ ਕਰਾਂਗੇ।

ਇਸ ਵਿੱਚ ਅਪੰਗਤਾ ਵਾਲੇ CALD ਲੋਕ ਸ਼ਾਮਲ ਹਨ।




ਅਸੀਂ ਇਹ ਸਾਂਝਾ ਕਰਨ ਲਈ ਇੱਕ ਯੋਜਨਾ ਵੀ ਬਣਾਵਾਂਗੇ ਕਿ ਅਸੀਂ ਹੋਰ CALD ਸਟਾਫ਼ ਨੂੰ ਕਿਵੇਂ ਨਿਯੁਕਤ ਕਰਾਂਗੇ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ NDIA ਦੇ ਕਿੰਨੇ ਸਟਾਫ਼ ਨੂੰ:

- ਅਪੰਗਤਾ ਹੈ
- CALD ਪਿਛੋਕੜ ਤੋਂ ਆਉਂਦੇ ਹਨ।

## ਕਾਰਵਾਈ 9



ਅਸੀਂ ਆਪਣੇ ਸਟਾਫ਼ ਅਤੇ ਭਾਈਵਾਲਾਂ ਨੂੰ ਹੋਰ ਸਿਖਲਾਈ ਪ੍ਰੋਗਰਾਮ ਪ੍ਰਦਾਨ ਕਰਨ ਲਈ ਦੂਜਿਆਂ ਨਾਲ ਮਿਲਕੇ ਕੰਮ ਕਰਾਂਗੇ।



ਅਸੀਂ ਅਜਿਹਾ ਕਰਨ ਲਈ ਭਾਈਚਾਰਕ ਅਤੇ ਸਰਕਾਰੀ ਸੰਸਥਾਵਾਂ ਨਾਲ ਮਿਲਕੇ ਕੰਮ ਕਰਾਂਗੇ।

ਅਸੀਂ ਯਕੀਨੀ ਬਣਾਵਾਂਗੇ ਕਿ ਇਹ ਸਿਖਲਾਈ ਸਾਡੇ ਸਟਾਫ਼ ਅਤੇ ਭਾਈਵਾਲਾਂ ਨੂੰ ਇਹ ਜਾਣਨ ਵਿੱਚ ਮੱਦਦ ਕਰਦੀ ਹੈ ਕਿ ਅਜਿਹੀ ਸਹਾਇਤਾ ਕਿਵੇਂ ਪ੍ਰਦਾਨ ਕਰਨੀ ਹੈ ਜੋ:



- ਸਾਰੇ ਸੱਭਿਆਚਾਰਾਂ ਲਈ ਸੁਰੱਖਿਅਤ ਹੈ



- ਉਨ੍ਹਾਂ ਲੋਕਾਂ ਦੀ ਮੱਦਦ ਕਰੇ ਜਿਨ੍ਹਾਂ ਨੇ **ਸਦਮੇ ਦਾ** ਅਨੁਭਵ ਕੀਤਾ ਹੈ।



ਸਦਮਾ ਉਹ ਤਰੀਕਾ ਹੈ ਜੋ ਤੁਸੀਂ ਆਪਣੇ ਨਾਲ ਵਾਪਰੀ ਕਿਸੇ ਮਾੜੀ ਚੀਜ਼ ਬਾਰੇ ਮਹਿਸੂਸ ਕਰਦੇ ਹੋ।

ਉਦਾਹਰਨ ਲਈ, ਤੁਸੀਂ ਡਰ ਜਾਂ ਤਣਾਅ ਮਹਿਸੂਸ ਕਰਦੇ ਹੋ ਸਕਦੇ ਹੋ।

ਸਦਮਾ ਲੋਕਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਭਾਵਿਤ ਕਰ ਸਕਦਾ ਹੈ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ:



- ਸਟਾਫ਼ ਅਤੇ ਭਾਈਵਾਲ ਇਸ ਸਿਖਲਾਈ ਨੂੰ ਪੂਰਾ ਕਰਦੇ ਹਨ



- CALD ਭਾਗੀਦਾਰ ਸਾਡੇ ਸਟਾਫ਼ ਅਤੇ ਭਾਈਵਾਲਾਂ ਨਾਲ ਉਨ੍ਹਾਂ ਦਾ ਚੰਗਾ ਅਨੁਭਵ ਸਾਂਝਾ ਕਰਦੇ ਹਨ।

## ਕਾਰਵਾਈ 10



ਅਸੀਂ ਆਪਣੇ ਸਟਾਫ਼ ਅਤੇ ਭਾਈਵਾਲਾਂ ਨੂੰ ਇਸ ਬਾਰੇ ਸਿਖਲਾਈ ਦੇਵਾਂਗੇ ਕਿ ਭਾਸ਼ਾ ਸਹਾਇਤਾ ਦੀ ਵਰਤੋਂ ਕਿਵੇਂ ਕਰਨੀ ਹੈ।

ਇਸ ਵਿੱਚ **ਦੁਭਾਸ਼ੀਏ** ਸ਼ਾਮਲ ਹਨ।




ਇੱਕ ਦੁਭਾਸ਼ੀਆ ਉਹ ਹੁੰਦਾ ਹੈ, ਜੋ:

- ਤੁਹਾਡੀ ਭਾਸ਼ਾ ਦੀ ਵਰਤੋਂ ਕਰਦਾ ਹੈ
- ਦੂਜਿਆਂ ਨਾਲ ਗੱਲਬਾਤ ਕਰਨ ਵਿੱਚ ਤੁਹਾਡੀ ਮੱਦਦ ਕਰਦਾ ਹੈ
- ਇਹ ਸਮਝਣ ਵਿੱਚ ਤੁਹਾਡੀ ਮੱਦਦ ਕਰਦਾ ਹੈ ਕਿ ਕੋਈ ਕੀ ਕਹਿ ਰਿਹਾ ਹੈ।

ਇਹ ਯਕੀਨੀ ਬਣਾਵੇਗਾ ਕਿ ਸਾਡੇ ਸਟਾਫ਼ ਅਤੇ ਭਾਈਵਾਲਾਂ ਨੂੰ ਪਤਾ ਹੈ ਕਿ:



- ਭਾਸ਼ਾ ਸਹਾਇਤਾ ਨੂੰ ਕਿਵੇਂ ਲੱਭਣਾ ਅਤੇ ਵਰਤਣਾ ਹੈ



- ਦੁਭਾਸ਼ੀਆਂ ਨਾਲ ਬਿਹਤਰ ਗੱਲਬਾਤ ਕਿਵੇਂ ਕਰਨੀ ਹੈ।

ਅਸੀਂ ਇਹਨਾਂ 'ਤੇ ਨਜ਼ਰ ਰੱਖ ਕੇ ਜਾਂਚ ਕਰਾਂਗੇ ਕਿ ਕੀ ਇਹ ਕਾਰਵਾਈ ਕੰਮ ਕਰ ਰਹੀ ਹੈ ਜਾਂ ਨਹੀਂ ਕਿ ਕਿੰਨੇ:



- ਸਟਾਫ਼ ਅਤੇ ਭਾਈਵਾਲ ਇਸ ਸਿਖਲਾਈ ਨੂੰ ਪੂਰਾ ਕਰਦੇ ਹਨ




- CALD ਭਾਗੀਦਾਰ ਦੁਭਾਸ਼ੀਏ ਸੇਵਾਵਾਂ ਦੀ ਵਰਤੋਂ ਕਰਦੇ ਹਨ।

## ਕਾਰਵਾਈ 11

ਅਸੀਂ NDIA ਨੂੰ ਕੰਮ ਕਰਨ ਲਈ ਇੱਕ ਅਜਿਹੀ ਜਗ੍ਹਾ ਬਣਾਉਣ ਲਈ ਇੱਕ ਯੋਜਨਾ ਬਣਾਵਾਂਗੇ ਜੋ:



- ਸਾਰੇ ਸੱਭਿਆਚਾਰਾਂ ਲਈ ਸੁਰੱਖਿਅਤ ਹੈ



- ਸ਼ਮੂਲੀਅਤ ਭਰੀ ਹੈ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ CALD ਲੋਕ:

- ਸਾਡੇ ਲਈ ਕੰਮ ਕਰਦੇ ਰਹਿੰਦੇ ਹਨ
- ਆਪਣੇ **ਕੈਰੀਅਰ ਨੂੰ** ਵਧਾਉਣ ਦੇ ਯੋਗ ਹਨ।



ਇੱਕ ਕੈਰੀਅਰ ਉਹ ਮਾਰਗ ਹੁੰਦਾ ਹੈ ਜੋ ਤੁਸੀਂ ਆਪਣੇ ਚੁਣੇ ਹੋਏ ਕੰਮ ਦੇ ਖੇਤਰ ਵਿੱਚ ਲੈਂਦੇ ਹੋ।

## ਕਾਰਵਾਈ 12



ਅਸੀਂ ਆਪਣੇ ਸਟਾਫ਼ ਅਤੇ ਭਾਈਵਾਲਾਂ ਲਈ ਆਪਣੇ ਹੁਨਰ ਨੂੰ ਦੂਜੇ ਸਟਾਫ਼ ਨਾਲ ਸਾਂਝਾ ਕਰਨ ਲਈ ਇੱਕ ਗਰੁੱਪ ਬਣਾਵਾਂਗੇ।

ਉਦਾਹਰਨ ਲਈ, ਔਸਲਨ ਵਰਗੇ ਹੁਨਰ।



ਇਸਦਾ ਮਤਲਬ ਹੈ ਕਿ ਅਸੀਂ ਉਨ੍ਹਾਂ ਲੋਕਾਂ ਦੀ ਬਿਹਤਰ ਸਹਾਇਤਾ ਕਰ ਸਕਦੇ ਹਾਂ ਜੋ ਬੋਲ਼ੇ ਜਾਂ ਘੱਟ ਸੁਣਨ ਦੀ ਸਮੱਸਿਆ ਹੈ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਸਾਡੇ ਕਿੰਨੇ ਸਟਾਫ਼ ਮੈਂਬਰ ਅਤੇ ਭਾਗੀਦਾਰ ਬੋਲ਼ੇ ਜਾਂ ਘੱਟ ਸੁਣਨ ਵਾਲੇ ਲੋਕਾਂ ਦੀ ਸਹਾਇਤਾ ਕਰਨ ਵਿੱਚ ਬਿਹਤਰ ਹੁੰਦੇ ਹਨ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਬੋਲ਼ੇ ਜਾਂ ਘੱਟ ਸੁਣਨ ਵਾਲੇ ਲੋਕਾਂ ਤੋਂ ਇਹ ਜਾਣਨ ਦੁਆਰਾ ਵੀ ਕਰਾਂਗੇ ਕਿ ਉਹ ਇਹਨਾਂ ਬਾਰੇ ਕੀ ਸਾਂਝਾ ਕਰਦੇ ਹਨ:



- ਅਸੀਂ ਉਹਨਾਂ ਦਾ ਕਿੰਨਾ ਕੁ ਸਮਰਥਨ ਕਰਦੇ ਹਾਂ



- NDIS ਸਹਾਇਤਾਵਾਂ ਨੂੰ ਲੱਭਣਾ ਅਤੇ ਵਰਤਣਾ ਕਿੰਨਾ ਆਸਾਨ ਹੈ।

# 3. ਅਸੀਂ ਜਾਣਕਾਰੀ ਕਿਵੇਂ ਸਾਂਝੀ ਕਰਦੇ ਹਾਂ

## ਕਾਰਵਾਈ 13

ਅਸੀਂ ਇਸ ਬਾਰੇ ਨਵੇਂ ਦਿਸ਼ਾ-ਨਿਰਦੇਸ਼ ਬਣਾਵਾਂਗੇ ਕਿ ਕਿਵੇਂ:



- ਅਪੰਗਤਾ ਵਾਲੇ CALD ਲੋਕਾਂ ਨਾਲ ਸਭ ਤੋਂ ਵਧੀਆ ਤਰੀਕੇ ਨਾਲ ਜੁੜਨਾ ਹੈ



- ਵੱਖ-ਵੱਖ ਤਰੀਕਿਆਂ ਨਾਲ ਜਾਣਕਾਰੀ ਸਾਂਝੀ ਕਰਨੀ ਹੈ।

ਇਹਨਾਂ ਦਿਸ਼ਾ-ਨਿਰਦੇਸ਼ਾਂ ਨੂੰ ਬਣਾਉਣ ਲਈ, ਅਸੀਂ ਇਹਨਾਂ ਨਾਲ ਮਿਲਕੇ ਕੰਮ ਕਰਾਂਗੇ:




- NDIS ਕਮਿਸ਼ਨ ਨਾਲ



- ਉਹਨਾਂ ਸੰਸਥਾਵਾਂ ਨਾਲ ਜੋ ਅਪੰਗਤਾ ਵਾਲੇ CALD ਲੋਕਾਂ ਦੀ ਸਹਾਇਤਾ ਕਰਦੀਆਂ ਹਨ।

ਅਸੀਂ ਇਹਨਾਂ ਨਾਲ ਬਿਹਤਰ ਸੰਚਾਰ ਕਰਨ ਲਈ ਇੰਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਵਰਤੋਂ ਕਰਾਂਗੇ:



- ਭਾਗੀਦਾਰ



- CALD ਭਾਈਚਾਰੇ ਨਾਲ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਹਨਾਂ ਨੂੰ ਸੁਣਨ ਦੁਆਰਾ ਕਰਾਂਗੇ:



- CALD ਭਾਗੀਦਾਰ



- ਅਪੰਗਤਾ ਵਾਲੇ CALD ਲੋਕਾਂ ਦਾ ਸਮਰਥਨ ਕਰਨ ਵਾਲੇ ਲੋਕਾਂ ਨੂੰ



- **ਪ੍ਰਦਾਤਾਵਾਂ ਨੂੰ**



ਪ੍ਰਦਾਤਾ ਅਪੰਗਤਾ ਵਾਲੇ ਲੋਕਾਂ ਦੀ ਸਹਾਇਤਾ ਇੱਕ ਸੇਵਾ ਪ੍ਰਦਾਨ ਕਰਕੇ ਕਰਦੇ ਹਨ।


## ਕਾਰਵਾਈ 14



ਅਸੀਂ CALD ਭਾਈਚਾਰਿਆਂ ਲਈ ਸਾਡੀਆਂ ਔਨਲਾਈਨ ਸੇਵਾਵਾਂ ਦੀ ਵਰਤੋਂ ਕਰਨਾ ਆਸਾਨ ਬਣਾਵਾਂਗੇ।

ਉਦਾਹਰਨ ਲਈ, NDIS ਵੈੱਬਸਾਈਟ।

ਅਸੀਂ ਅਜਿਹਾ ਇਸ ਰਾਹੀਂ ਕਰਾਂਗੇ:




- ਉਹਨਾਂ ਭਾਸ਼ਾਵਾਂ ਵਿੱਚ ਜਾਣਕਾਰੀ ਸਾਂਝੀ ਕਰਨ ਦੁਆਰਾ ਜੋ CALD ਲੋਕ ਸਮਝਦੇ ਹਨ



- CALD ਲੋਕਾਂ ਦੀ ਸਹਾਇਤਾ ਕਰਕੇ ਜਦੋਂ ਅਸੀਂ ਕਿਸੇ ਅਜਿਹੀ ਭਾਸ਼ਾ ਵਿੱਚ ਜਾਣਕਾਰੀ ਸਾਂਝੀ ਕਰਦੇ ਹਾਂ ਜੋ ਉਹ ਨਹੀਂ ਜਾਣਦੇ ਹਨ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ ਹੋਰ CALD ਲੋਕ ਸਾਡੀਆਂ ਔਨਲਾਈਨ ਸੇਵਾਵਾਂ ਦੀ ਵਰਤੋਂ ਕਰ ਰਹੇ ਹਨ।




ਅਸੀਂ ਇਸ ਬਾਰੇ ਦਿਸ਼ਾ-ਨਿਰਦੇਸ਼ ਬਣਾਵਾਂਗੇ ਕਿ ਸਾਨੂੰ ਕਿਹੜੀਆਂ ਭਾਸ਼ਾਵਾਂ ਵਿੱਚ NDIS ਜਾਣਕਾਰੀ ਸਾਂਝੀ ਕਰਨ ਦੀ ਲੋੜ ਹੈ।

ਇਸਦਾ ਮਤਲਬ ਹੈ ਕਿ ਜ਼ਿਆਦਾ CALD ਲੋਕ NDIS ਨੂੰ ਸਮਝ ਸਕਦੇ ਹਨ।

ਇਹਨਾਂ ਦਿਸ਼ਾ-ਨਿਰਦੇਸ਼ਾਂ ਨੂੰ ਬਣਾਉਣ ਲਈ, ਅਸੀਂ ਇੰਨ੍ਹਾਂ ਨਾਲ ਮਿਲਕੇ ਕੰਮ ਕਰਾਂਗੇ:



- CALD ਭਾਈਚਾਰਿਆਂ ਨਾਲ





- NDIS ਕਮਿਸ਼ਨ ਨਾਲ



- ਉਹਨਾਂ ਸੰਸਥਾਵਾਂ ਨਾਲ ਜੋ ਅਪੰਗਤਾ ਵਾਲੇ CALD ਲੋਕਾਂ ਦੀ ਸਹਾਇਤਾ ਕਰਦੀਆਂ ਹਨ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ:




- ਦਸਤਾਵੇਜ਼ ਹਨ ਜੋ ਅਸੀਂ ਅੰਗਰੇਜ਼ੀ ਤੋਂ ਬਗ਼ੈਰ ਹੋਰ ਭਾਸ਼ਾਵਾਂ ਵਿੱਚ ਸਾਂਝੇ ਕਰਦੇ ਹਾਂ




- CALD ਲੋਕ ਸਾਨੂੰ ਦੱਸਦੇ ਹਨ ਕਿ ਉਹ ਆਪਣੀ ਭਾਸ਼ਾ ਵਿੱਚ NDIS ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

## ਕਾਰਵਾਈ 16




ਇਥੇ ਕੁੱਝ ਵਿਸ਼ੇਸ਼ ਸ਼ਬਦ ਹਨ ਜੋ ਅਸੀਂ NDIS ਦੀ ਵਿਆਖਿਆ ਕਰਨ ਲਈ ਵਰਤਦੇ ਹਾਂ।

ਅਸੀਂ ਇਹਨਾਂ ਸ਼ਬਦਾਂ ਦਾ ਮਤਲਬ ਸਮਝਾਉਣ ਲਈ ਵੱਖ-ਵੱਖ ਭਾਸ਼ਾਵਾਂ ਵਿੱਚ ਸਰੋਤ ਬਣਾਵਾਂਗੇ।



ਇਹ ਵਧੇਰੇ ਲੋਕਾਂ ਨੂੰ NDIS ਬਾਰੇ ਜਾਣਕਾਰੀ ਸਮਝਣ ਵਿੱਚ ਮੱਦਦ ਕਰੇਗਾ।



ਇਹ CALD ਭਾਗੀਦਾਰਾਂ ਨਾਲ NDIS ਜਾਣਕਾਰੀ ਸਾਂਝੀ ਕਰਨ ਵਿੱਚ ਦੁਭਾਸ਼ੀਏ ਦੀ ਵੀ ਮੱਦਦ ਕਰੇਗਾ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ ਦੁਭਾਸ਼ੀਏ:



- NDIS ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ ਸਿਖਲਾਈ ਨੂੰ ਪੂਰਾ ਕਰਦੇ ਹਨ



- ਸਾਡੇ ਸਰੋਤਾਂ ਦੀ ਵਰਤੋਂ ਕਰਦੇ ਹਨ।

## ਕਾਰਵਾਈ 17



ਅਸੀਂ CALD ਲੋਕਾਂ ਨਾਲ ਇਸ ਬਾਰੇ ਜਾਣਕਾਰੀ ਸਾਂਝੀ ਕਰਾਂਗੇ ਕਿ ਉਹ ਦੁਭਾਸ਼ੀਏ ਸੇਵਾਵਾਂ ਨੂੰ ਕਿਵੇਂ ਲੱਭ ਸਕਦੇ ਹਨ ਅਤੇ ਵਰਤ ਸਕਦੇ ਹਨ।

ਇਸ ਵਿੱਚ ਸ਼ਾਮਲ ਹਨ, CALD:



- ਭਾਈਚਾਰੇ



- ਭਾਗੀਦਾਰ




- ਪ੍ਰਦਾਤਾ।




ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਲੋਕ ਕਿੰਨੀ ਵਾਰ ਦੁਭਾਸ਼ੀਆ ਸੇਵਾਵਾਂ ਦੀ ਵਰਤੋਂ ਕਰਦੇ ਹਨ।

ਇਹਨਾਂ ਵਿੱਚ ਸ਼ਾਮਲ ਹਨ:

- CALD ਭਾਗੀਦਾਰ
- ਸਾਡਾ ਸਟਾਫ਼ ਅਤੇ ਭਾਈਵਾਲ
- ਪ੍ਰਦਾਤਾ।



ਅਸੀਂ ਇਹ ਵੀ ਜਾਣਾਂਗੇ ਕਿ ਉਹ ਸਾਨੂੰ ਇਹਨਾਂ ਸੇਵਾਵਾਂ ਨਾਲ ਆਪਣੇ ਤਜ਼ਰਬਿਆਂ ਬਾਰੇ ਕੀ ਦੱਸਦੇ ਹਨ।

## ਕਾਰਵਾਈ 18



ਅਸੀਂ ਉਸ ਤਰੀਕੇ ਨੂੰ ਅਪਡੇਟ ਕਰਾਂਗੇ ਜਿਸ ਨਾਲ ਅਸੀਂ CALD ਭਾਗੀਦਾਰਾਂ ਨਾਲ ਮੀਟਿੰਗਾਂ ਦੀ ਯੋਜਨਾ ਬਣਾਉਂਦੇ ਹਾਂ ਅਤੇ ਚਲਾਉਂਦੇ ਹਾਂ।

ਇਹਨਾਂ ਵਿੱਚ ਸ਼ਾਮਲ ਹਨ:

- ਦੁਭਾਸ਼ੀਏ ਦੀ ਵਰਤੋਂ ਕਰਨਾ ਜਿਵੇਂ ਕਿ CALD ਭਾਗੀਦਾਰ
- ਲੰਬੀਆਂ ਮੀਟਿੰਗਾਂ ਕਰਨਾ।



ਅਸੀਂ ਯਕੀਨੀ ਬਣਾਵਾਂਗੇ ਕਿ ਸਾਡੇ ਸਾਰੇ ਸਟਾਫ਼ ਅਤੇ ਭਾਈਵਾਲ ਇਹ ਸਮਝਦੇ ਹਨ ਕਿ ਅਸੀਂ ਇਹਨਾਂ ਮੀਟਿੰਗਾਂ ਦੀ ਯੋਜਨਾ ਕਿਵੇਂ ਬਣਾਉਂਦੇ ਅਤੇ ਚਲਾਉਂਦੇ ਹਾਂ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ:



- ਦੁਭਾਸ਼ੀਏ CALD ਭਾਗੀਦਾਰਾਂ ਦੀ ਸਹਾਇਤਾ ਲਈ ਮੀਟਿੰਗਾਂ ਵਿੱਚ ਵਰਤੇ ਜਾਂਦੇ ਹਨ



- CALD ਭਾਗੀਦਾਰ ਸਾਨੂੰ ਦੱਸਦੇ ਹਨ ਕਿ ਉਹਨਾਂ ਨੂੰ ਆਪਣੀਆਂ ਮੀਟਿੰਗਾਂ ਵਿੱਚ ਦੁਭਾਸ਼ੀਏ ਦੇ ਨਾਲ ਇੱਕ ਬਿਹਤਰ ਅਨੁਭਵ ਹੋਇਆ ਹੈ।

# 4. ਚੋਣ ਅਤੇ ਨਿਯੰਤਰਣ

## ਕਾਰਵਾਈ 19



ਅਸੀਂ ਪ੍ਰਦਾਤਾਵਾਂ ਨਾਲ ਜਾਣਕਾਰੀ ਸਾਂਝੀ ਕਰਨ ਲਈ NDIS ਕਮਿਸ਼ਨ ਨਾਲ ਮਿਲਕੇ ਕੰਮ ਕਰਾਂਗੇ।

ਇਸ ਵਿੱਚ ਇਹ ਜਾਣਕਾਰੀ ਸ਼ਾਮਲ ਹੈ ਕਿ ਪ੍ਰਦਾਤਾਵਾਂ ਨੂੰ ਇਹ ਯਕੀਨੀ ਬਣਾਉਣ ਲਈ ਕੀ ਕਰਨ ਦੀ ਲੋੜ ਹੈ ਕਿ ਉਹਨਾਂ ਦੀਆਂ ਸੇਵਾਵਾਂ ਸਾਰੇ ਸੱਭਿਆਚਾਰਾਂ ਲਈ ਸੁਰੱਖਿਅਤ ਹਨ।



ਇਸਦਾ ਅਰਥ ਇਹ ਹੋਵੇਗਾ ਕਿ ਵਧੇਰੇ ਪ੍ਰਦਾਤਾ ਇਹ ਸਮਝਣਗੇ ਕਿ CALD ਭਾਗੀਦਾਰਾਂ ਨੂੰ ਉਹਨਾਂ ਤਰੀਕਿਆਂ ਨਾਲ ਕਿਵੇਂ ਸਹਾਇਤਾ ਕਰਨੀ ਹੈ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਹੈ।



ਅਸੀਂ ਇਹ ਸੁਣ ਕੇ ਜਾਂਚ ਕਰਾਂਗੇ ਕਿ ਕੀ ਇਹ ਕਾਰਵਾਈ ਕੰਮ ਕਰ ਰਹੀ ਹੈ ਕਿ ਇਸ ਜਾਣਕਾਰੀ ਬਾਰੇ ਸੇਵਾ ਪ੍ਰਦਾਤਾਵਾਂ ਦਾ ਕੀ ਕਹਿਣਾ ਹੈ।

ਉਦਾਹਰਨ ਲਈ, ਉਹਨਾਂ ਦਾ ਇਸ ਬਾਰੇ ਕੀ ਕਹਿਣਾ ਹੈ ਕਿ ਇਹ ਜਾਣਕਾਰੀ ਉਹਨਾਂ ਦਾ ਕਿੰਨੀ ਚੰਗੀ ਤਰ੍ਹਾਂ ਸਮਰਥਨ ਕਰਦੀ ਹੈ:




- CALD ਲੋਕਾਂ ਨੂੰ ਲੋੜੀਂਦੀਆਂ ਸਹਾਇਤਾਵਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ



- ਸਾਰੇ ਸੱਭਿਆਚਾਰਾਂ ਲਈ ਸੁਰੱਖਿਅਤ ਸੇਵਾਵਾਂ ਪ੍ਰਦਾਨ ਕਰਨ ਲਈ।

## ਕਾਰਵਾਈ 20



ਅਸੀਂ CALD ਭਾਗੀਦਾਰਾਂ ਨੂੰ ਵਧੇਰੇ ਵਿਕਲਪ ਅਤੇ ਨਿਯੰਤਰਣ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ NDIS ਕਮਿਸ਼ਨ ਨਾਲ ਮਿਲਕੇ ਕੰਮ ਕਰਾਂਗੇ।

ਇਸ ਵਿੱਚ CALD ਭਾਗੀਦਾਰਾਂ ਨਾਲ ਜਾਣਕਾਰੀ ਸਾਂਝੀ ਕਰਨਾ ਸ਼ਾਮਲ ਹੈ ਕਿ ਉਹ ਕਿਵੇਂ ਕਰ ਸਕਦੇ ਹਨ:



- ਆਪਣੇ ਖੁਦ ਦੇ ਪ੍ਰਦਾਤਾ ਦੀ ਚੋਣ



- ਆਪਣੇ ਪ੍ਰਦਾਤਾ ਨੂੰ ਬਦਲ




- **ਸ਼ਿਕਾਇਤ** ਕਰਨੀ ।



ਜਦੋਂ ਤੁਸੀਂ ਸ਼ਿਕਾਇਤ ਕਰਦੇ ਹੋ, ਤੁਸੀਂ ਕਿਸੇ ਨੂੰ ਦੱਸਦੇ ਹੋ ਕਿ ਕੁੱਝ:

- ਗਲਤ ਹੋ ਗਿਆ ਹੈ
- ਚੰਗੀ ਤਰ੍ਹਾਂ ਕੰਮ ਨਹੀਂ ਕਰ ਰਿਹਾ ਹੈ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ CALD ਭਾਗੀਦਾਰਾਂ ਇਹ ਸਾਂਝਾ ਕਰਦੇ ਹਨ ਕਿ ਉਹ ਸਮਝਦੇ ਹਨ ਕਿ:



- ਇਹ ਕਿਵੇਂ ਜਾਣਨਾ ਹੈ ਕਿ ਕੋਈ ਪ੍ਰਦਾਤਾ ਉਹਨਾਂ ਲਈ ਸਹੀ ਹੈ ਜਾਂ ਨਹੀਂ
- ਸ਼ਿਕਾਇਤ ਕਿਵੇਂ ਕਰਨੀ ਹੈ
- ਚੋਣ ਅਤੇ ਨਿਯੰਤਰਣ ਕਰਨ ਬਾਰੇ ਉਹਨਾਂ ਦੇ **ਅਧਿਕਾਰ** ।




ਅਧਿਕਾਰ ਇਸ ਬਾਰੇ ਨਿਯਮ ਹੁੰਦੇ ਹਨ ਕਿ ਲੋਕਾਂ ਵੱਲੋਂ ਤੁਹਾਡੇ ਨਾਲ ਕਿਵੇਂ ਪੇਸ਼ ਆਉਣਾ ਲਾਜ਼ਮੀ ਹੈ:

- ਨਿਰਪੱਖਤਾ ਨਾਲ
- ਸਮਾਨਤਾ ਨਾਲ

## ਕਾਰਵਾਈ 21




ਅਸੀਂ NDIS ਕਮਿਸ਼ਨ ਨਾਲ ਨਵੇਂ ਨਿਯਮ ਬਣਾਉਣ ਲਈ ਮਿਲਕੇ ਕੰਮ ਕਰਾਂਗੇ, ਜਿਨ੍ਹਾਂ ਦੀ ਪ੍ਰਦਾਤਾਵਾਂ ਨੂੰ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

ਇਹ ਨਿਯਮ ਇਸ ਗੱਲ 'ਤੇ ਧਿਆਨ-ਕੇਂਦਰਿਤ ਕਰਨਗੇ ਕਿ ਪ੍ਰਦਾਤਾਵਾਂ ਨੂੰ ਅਜਿਹੀਆਂ ਸੇਵਾਵਾਂ ਦੀ ਲਾਜ਼ਮੀ ਪੇਸ਼ਕਸ਼ ਕਿਵੇਂ ਕਰਨੀ ਚਾਹੀਦੀ ਹੈ ਜੋ:



- ਸਾਰੇ ਸੱਭਿਆਚਾਰਾਂ ਲਈ ਵਰਤਣ ਲਈ ਸੁਰੱਖਿਅਤ ਹਨ



- CALD ਭਾਗੀਦਾਰਾਂ ਦੀ ਸਹਾਇਤਾ ਕਰਨ ਜਿਨ੍ਹਾਂ ਨੇ ਸਦਮੇ ਦਾ ਅਨੁਭਵ ਕੀਤਾ ਹੈ।



ਜਦੋਂ ਅਸੀਂ ਇਹ ਨਿਯਮ ਬਣਾ ਲਵਾਂਗੇ, ਤਾਂ ਅਸੀਂ ਉਹਨਾਂ ਨੂੰ ਪ੍ਰਦਾਤਾਵਾਂ ਅਤੇ CALD ਭਾਗੀਦਾਰਾਂ ਨਾਲ ਸਾਂਝਾ ਕਰਾਂਗੇ।



ਅਸੀਂ ਸੁਣਾਂਗੇ ਕਿ ਪ੍ਰਦਾਤਾਵਾਂ ਅਤੇ CALD ਭਾਗੀਦਾਰਾਂ ਦਾ ਇਸ ਬਾਰੇ ਕੀ ਕਹਿਣਾ ਹੈ ਕਿ ਇਹ ਨਿਯਮ ਕਿੰਨੀ ਚੰਗੀ ਤਰ੍ਹਾਂ ਕੰਮ ਕਰਦੇ ਹਨ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ ਪ੍ਰਦਾਤਾ ਇਹਨਾਂ ਨਿਯਮਾਂ ਦੀ ਪਾਲਣਾ ਕਰਨ ਵਾਲੀਆਂ ਸੇਵਾਵਾਂ ਦੀ ਪੇਸ਼ਕਸ਼ ਕਰ ਰਹੇ ਹਨ।

# ਕਾਰਵਾਈ 22



ਅਸੀਂ ਉਹਨਾਂ ਰੁਕਾਵਟਾਂ ਨੂੰ ਦੇਖਾਂਗੇ ਜੋ ਅਪੰਗਤਾ ਵਾਲੇ CALD ਲੋਕਾਂ ਦਾ ਸਮਰਥਨ ਕਰਨ ਵਾਲੀਆਂ ਕੁੱਝ ਸੰਸਥਾਵਾਂ ਸਾਹਮਣਾ ਕਰਦੀਆਂ ਹਨ।

ਅਸੀਂ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਹੋਰ ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਾਂਗੇ।



ਅਸੀਂ ਇਹ ਯਕੀਨੀ ਬਣਾਵਾਂਗੇ ਕਿ ਜਿਹੜੀਆਂ ਸੰਸਥਾਵਾਂ ਅਪੰਗਤਾ ਵਾਲੇ CALD ਲੋਕਾਂ ਦੀ ਸਹਾਇਤਾ ਕਰਦੀਆਂ ਹਨ, ਉਹ ਵਧੇਰੇ NDIS ਸੇਵਾਵਾਂ ਪ੍ਰਦਾਨ ਕਰ ਸਕਦੀਆਂ ਹਨ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੀਆਂ ਸੰਸਥਾਵਾਂ ਘੱਟ ਰੁਕਾਵਟਾਂ ਦਾ ਅਨੁਭਵ ਕਰ ਰਹੀਆਂ ਹਨ।

## ਕਾਰਵਾਈ 23

ਅਸੀਂ ਇਹ ਯਕੀਨੀ ਬਣਾਉਣ ਲਈ ਹੋਰ ਸਰਕਾਰੀ ਸੰਸਥਾਵਾਂ ਨਾਲ ਮਿਲਕੇ ਕੰਮ ਕਰਾਂਗੇ ਕਿ ਵਧੇਰੇ ਦੁਭਾਸ਼ੀਏ ਸਮਝਦੇ ਹਨ:




- NDIS




- ਅਪੰਗਤਾ ਵਾਲੇ ਲੋਕਾਂ ਦੇ ਅਧਿਕਾਰ।




ਅਸੀਂ ਯਕੀਨੀ ਬਣਾਵਾਂਗੇ ਕਿ ਇੱਥੇ ਹੋਰ ਵਧੇਰੇ ਦੁਭਾਸ਼ੀਏ ਹਨ ਜੋ CALD ਭਾਗੀਦਾਰਾਂ ਦੀ ਸਹਾਇਤਾ ਕਰ ਸਕਦੇ ਹਨ।



ਅਸੀਂ ਇਹ ਵੀ ਦੇਖਾਂਗੇ ਕਿ ਦੁਭਾਸ਼ੀਆ ਦੀ ਸਹਾਇਤਾ ਕਰਨ ਲਈ ਕਿੰਨੇ ਪ੍ਰੋਗਰਾਮ ਉਪਲਬਧ ਹਨ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ NDIS ਨਾਲ CALD ਭਾਗੀਦਾਰਾਂ ਦੀ ਸਹਾਇਤਾ ਕਰਨ ਲਈ ਕਿੰਨੇ ਦੁਭਾਸ਼ੀਏ ਉਪਲਬਧ ਹਨ।

# 5. CALD ਭਾਗੀਦਾਰਾਂ ਬਾਰੇ ਡੇਟਾ

## ਕਾਰਵਾਈ 24




ਅਸੀਂ ਇਸ ਗੱਲ 'ਤੇ ਸਹਿਮਤ ਹੋਣ ਲਈ ਦੂਜਿਆਂ ਨਾਲ ਮਿਲ ਕੇ ਕੰਮ ਕਰਾਂਗੇ ਕਿ ਅਸੀਂ 'CALD' ਦਾ ਮਤਲਬ ਕਿਵੇਂ ਸਮਝਾਉਂਦੇ ਹਾਂ।

ਅਸੀਂ ਇਹਨਾਂ ਨਾਲ ਕੰਮ ਕਰਾਂਗੇ:



- CALD ਭਾਈਚਾਰਿਆਂ ਨਾਲ



- ਹੋਰ ਸਰਕਾਰੀ ਸੰਸਥਾਵਾਂ ਨਾਲ।



ਜਿਸ ਤਰੀਕੇ ਨਾਲ ਅਸੀਂ CALD ਦੀ ਵਿਆਖਿਆ ਕਰਦੇ ਹਾਂ ਉਹ ਸਮਰਥਨ ਕਰੇਗਾ:

- ਸਾਰੇ CALD ਲੋਕਾਂ ਦਾ

  ਅਤੇ

- ਉਨ੍ਹਾਂ ਦੇ ਵੱਖੋ-ਵੱਖਰੇ ਅਨੁਭਵਾਂ ਦਾ।



ਅਸੀਂ ਜਾਣ ਜਾਵਾਂਗੇ ਕਿ ਇਹ ਸਹੀ ਹੈ ਜਦੋਂ CALD ਭਾਈਚਾਰੇ ਸਹਿਮਤ ਹੋ ਜਾਣਗੇ ਕਿ ਇਹ ਵਧੀਆ ਹੈ।



ਫਿਰ ਅਸੀਂ 'CALD' ਦੀ ਵਿਆਖਿਆ ਕਰਨ ਦੇ ਤਰੀਕੇ ਦਾ ਸਮਰਥਨ ਕਰਨ ਲਈ **ਡੇਟਾ** ਇਕੱਠਾ ਕਰਨ ਦੇ ਤਰੀਕੇ ਨੂੰ ਅਪਡੇਟ ਕਰਾਂਗੇ।




ਜਦੋਂ ਅਸੀਂ ਡੇਟਾ ਬਾਰੇ ਗੱਲ ਕਰਦੇ ਹਾਂ, ਸਾਡਾ ਮਤਲਬ ਹੈ:

- ਤੱਥ
- ਜਾਣਕਾਰੀ
- ਰਿਕਾਰਡ।



ਅਸੀਂ ਸਾਡੇ ਦੁਆਰਾ ਇਕੱਤਰ ਕੀਤੇ ਡੇਟਾ ਦੀ ਮਾਤਰਾ ਦੁਆਰਾ ਜਾਂਚ ਕਰਾਂਗੇ ਕਿ ਕੀ ਇਹ ਕਾਰਵਾਈ ਕੰਮ ਕਰ ਰਹੀ ਹੈ।

ਇਸ ਵਿੱਚ ਉਹ ਡੇਟਾ ਸ਼ਾਮਲ ਹੈ ਜੋ CALD ਭਾਗੀਦਾਰਾਂ ਦੀ ਲੋੜ ਦਾ ਸਮਰਥਨ ਕਰਦਾ ਹੈ।

## ਕਾਰਵਾਈ 25



ਅਸੀਂ CALD ਭਾਗੀਦਾਰਾਂ ਤੋਂ ਨਵੇਂ ਡੇਟਾ ਦੀ ਖੋਜ ਅਤੇ ਡੇਟਾ ਸਾਂਝਾ ਕਰਾਂਗੇ।

ਇਹ ਸਾਡੇ ਸਟਾਫ਼ ਅਤੇ ਭਾਈਵਾਲਾਂ ਨੂੰ ਵਧੀਆ ਫ਼ੈਸਲੇ ਲੈਣ ਵਿੱਚ ਸਹਾਇਤਾ ਕਰੇਗਾ।



ਅਸੀਂ CALD ਭਾਗੀਦਾਰਾਂ ਤੋਂ ਡੇਟਾ ਇਕੱਤਰ ਕਰਨ ਦੇ ਤਰੀਕੇ ਨੂੰ ਅਪਡੇਟ ਕਰਾਂਗੇ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ ਲੋਕ CALD ਭਾਗੀਦਾਰਾਂ ਬਾਰੇ ਸਾਡੇ ਦੁਆਰਾ ਇਕੱਤਰ ਕੀਤੇ ਡੇਟਾ ਦੀ ਵਰਤੋਂ ਕਰ ਸਕਦੇ ਹਨ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਹ ਸੁਣ ਕੇ ਕਰਾਂਗੇ ਕਿ ਇਹ ਡੇਟਾ ਕਿਵੇਂ ਲੋਕਾਂ ਦੇ ਫ਼ੈਸਲੇ ਲੈਣ ਦੇ ਤਰੀਕੇ ਨੂੰ ਪ੍ਰਭਾਵਿਤ ਕਰਦਾ ਹੈ।

ਇਸ ਵਿੱਚ ਸਾਡਾ ਸਟਾਫ਼ ਅਤੇ ਭਾਈਵਾਲ ਸ਼ਾਮਲ ਹਨ।

# 6. ਅਸੀਂ ਭਾਈਚਾਰੇ ਨਾਲ ਕਿਵੇਂ ਜੁੜਦੇ ਹਾਂ

## ਕਾਰਵਾਈ 26

ਅਸੀਂ ਇਸ ਬਾਰੇ ਇੱਕ ਯੋਜਨਾ ਬਣਾਵਾਂਗੇ ਕਿ CALD ਭਾਈਚਾਰਿਆਂ ਨਾਲ ਇਸ ਬਾਰੇ ਜਾਣਕਾਰੀ ਕਿਵੇਂ ਸਾਂਝੀ ਕਰਨੀ ਹੈ:




- NDIS ਬਾਰੇ



- ਅਪੰਗਤਾ ਵਾਲੇ CALD ਲੋਕਾਂ ਦੇ ਅਧਿਕਾਰਾਂ ਬਾਰੇ।



ਇਹ ਯੋਜਨਾ ਅਪੰਗਤਾ ਬਾਰੇ ਕੁੱਝ ਭਾਈਚਾਰਿਆਂ ਦੇ **ਰਵੱਈਆ ਨੂੰ** ਬਦਲਣ ਵਿੱਚ ਮੱਦਦ ਕਰੇਗੀ।

ਤੁਹਾਡਾ ਰਵੱਈਆ ਉਹ ਹੈ ਜੋ ਤੁਸੀਂ ਸੋਚਦੇ, ਮਹਿਸੂਸ ਕਰਦੇ ਅਤੇ ਵਿਸ਼ਵਾਸ ਕਰਦੇ ਹੋ।



ਉਦਾਹਰਨ ਵਜੋਂ, ਕੁੱਝ ਲੋਕ ਅਪਾਹਜਤਾ ਬਾਰੇ ਬੁਰਾ ਸੋਚਦੇ ਹਨ।

ਇਹ ਅਪੰਗਤਾ ਵਾਲੇ CALD ਲੋਕਾਂ ਨੂੰ NDIS ਦੀ ਵਰਤੋਂ ਕਰਨ ਤੋਂ ਰੋਕ ਸਕਦਾ ਹੈ।

ਇਸ ਰਣਨੀਤੀ ਨੂੰ ਬਣਾਉਣ ਲਈ ਅਸੀਂ ਇਹਨਾਂ ਨਾਲ ਮਿਲ ਕੇ ਕੰਮ ਕਰਾਂਗੇ:



- CALD ਭਾਈਚਾਰਿਆਂ ਨਾਲ




- NDIS ਕਮਿਸ਼ਨ ਨਾਲ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ:



- CALD ਭਾਗੀਦਾਰ NDIS ਵਿੱਚ ਹਿੱਸਾ ਲੈਂਦੇ ਹਨ



- CALD ਭਾਈਚਾਰੇ NDIS ਨੂੰ ਸਮਝਦੇ ਅਤੇ ਵਰਤਦੇ ਹਨ।

## ਕਾਰਵਾਈ 27

ਅਸੀਂ ਭਾਈਚਾਰਕ ਸੰਸਥਾਵਾਂ ਦੀਆਂ ਉਹਨਾਂ ਗਤੀਵਿਧੀਆਂ ਦਾ ਸਮਰਥਨ ਕਰਾਂਗੇ ਜੋ:



- ਜੋ NDIS ਬਾਰੇ ਜਾਣਕਾਰੀ ਸਾਂਝੀ ਕਰਦੀਆਂ ਹਨ



- CALD ਭਾਈਚਾਰਿਆਂ ਵਿੱਚ ਅਪੰਗਤਾ ਬਾਰੇ ਰਵੱਈਏ ਵਿੱਚ ਸੁਧਾਰ ਕਰਦੀਆਂ ਹਨ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ CALD ਭਾਈਚਾਰੇ ਇਸ ਵਿੱਚ ਹਿੱਸਾ ਲੈਂਦੇ ਹਨ:





- NDIS



- ਭਾਈਚਾਰਕ ਸੰਸਥਾਵਾਂ ਦੀਆਂ ਗਤੀਵਿਧੀਆਂ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ CALD ਭਾਈਚਾਰੇ:




- NDIS ਨੂੰ ਸਮਝਦੇ ਹਨ



- ਅਪੰਗਤਾ ਨੂੰ ਸਮਝਦੇ ਹਨ



- ਦਾ ਅਪੰਗਤਾ ਪ੍ਰਤੀ ਬਿਹਤਰ ਰਵੱਈਆ ਹੈ।

## ਕਾਰਵਾਈ 28



ਅਸੀਂ NDIS ਤੋਂ ਬਾਹਰ ਸੇਵਾਵਾਂ ਦੇ ਹੁਨਰ ਨੂੰ ਬਣਾਉਣ ਲਈ ਭਾਈਚਾਰਕ ਸੰਸਥਾਵਾਂ ਨਾਲ ਕੰਮ ਕਰਾਂਗੇ।

ਉਦਾਹਰਨ ਲਈ, ਡਾਕਟਰਾਂ ਨਾਲ।




ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਹਨਾਂ ਵਿੱਚੋਂ ਵਧੇਰੇ ਸੇਵਾਵਾਂ ਸਮਝਦੀਆਂ ਹਨ ਕਿ NDIS ਵਿੱਚ ਹਿੱਸਾ ਲੈਣ ਲਈ ਅਪੰਗਤਾ ਵਾਲੇ CALD ਲੋਕਾਂ ਦੀ ਸਹਾਇਤਾ ਕਿਵੇਂ ਕੀਤੀ ਜਾਵੇ।



ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਸ ਦੁਆਰਾ ਕਰਾਂਗੇ ਕਿ ਕਿੰਨੇ ਪ੍ਰੋਗਰਾਮਾਂ ਦੁਆਰਾ ਜਿਨ੍ਹਾਂ ਦਾ ਅਸੀਂ ਸਮਰਥਨ ਕਰਦੇ ਹਾਂ, ਸੇਵਾਵਾਂ ਨੂੰ ਇਹ ਹੁਨਰ ਬਣਾਉਣ ਵਿੱਚ ਮੱਦਦ ਕਰਦੇ ਹਨ।

ਅਸੀਂ ਇਸ ਕਾਰਵਾਈ ਦੇ ਕਾਰਗਰ ਹੋਣ ਦੀ ਜਾਂਚ ਇਹਨਾਂ ਨੂੰ ਸੁਣਨ ਦੁਆਰਾ ਕਰਾਂਗੇ ਕਿ:



- NDIS ਬਾਰੇ ਸਲਾਹ ਦੇਣ ਵਾਲੀਆਂ ਸੇਵਾਵਾਂ ਬਾਰੇ CALD ਭਾਈਚਾਰਿਆਂ ਦਾ ਕੀ ਕਹਿਣਾ ਹੈ



- ਇਹ ਸੇਵਾਵਾਂ ਸਾਨੂੰ ਇਸ ਬਾਰੇ ਕੀ ਦੱਸਦੀਆਂ ਹਨ ਕਿ ਇਹ ਪ੍ਰੋਗਰਾਮ ਉਹਨਾਂ ਦੀ ਕਿੰਨੀ ਚੰਗੀ ਤਰ੍ਹਾਂ ਸਹਾਇਤਾ ਕਰਦੇ ਹਨ।

# ਹੋਰ ਜਾਣਕਾਰੀ

ਇਸ ਕਾਰਵਾਈ ਯੋਜਨਾ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।




ਤੁਸੀਂ ਸਾਡੀ ਵੈੱਬਸਾਈਟ 'ਤੇ ਜਾ ਸਕਦੇ ਹੋ।

**www.ndis.gov.au**



ਤੁਸੀਂ ਸਾਨੂੰ ਫ਼ੋਨ ਕਰ ਸਕਦੇ ਹੋ।

**1800 800 110**

ਤੁਸੀਂ ਸਾਨੂੰ ਫੇਸਬੁੱਕ 'ਤੇ ਫਾਲੋ ਕਰ ਸਕਦੇ ਹੋ।

**www.facebook.com/NDISAus**

ਤੁਸੀਂ ਸਾਨੂੰ ਟਵਿੱਟਰ 'ਤੇ ਫਾਲੋ ਕਰ ਸਕਦੇ ਹੋ।

**@NDIS**

ਟਵਿੱਟਰ ਨੂੰ ਐਕਸ (X) ਵੀ ਕਿਹਾ ਜਾਂਦਾ ਹੈ।


## ਸਾਡੇ ਨਾਲ ਗੱਲ ਕਰਨ ਲਈ ਸਹਾਇਤਾ




ਤੁਸੀਂ ਸਾਡੀ ਵੈੱਬਸਾਈਟ ਦੇ ਸਿਖ਼ਰ 'ਤੇ ਦਿੱਤੀ ਸਾਡੀ ਵੈੱਬਚੈਟ ਸਹੂਲਤ ਦੀ ਵਰਤੋਂ ਕਰਕੇ ਸਾਡੇ ਨਾਲ ਔਨਲਾਈਨ ਗੱਲ ਕਰ ਸਕਦੇ ਹੋ।

**www.ndis.gov.au**

ਜੇਕਰ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹੋ, ਤਾਂ ਤੁਸੀਂ ਇੱਥੇ ਫ਼ੋਨ ਕਰ ਸਕਦੇ ਹੋ:



ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS)

**131 450**

ਜੇਕਰ ਤੁਹਾਨੂੰ ਬੋਲਣ ਜਾਂ ਸੁਣਨ ਸੰਬੰਧੀ ਕਮਜ਼ੋਰੀ ਹੈ, ਤਾਂ ਤੁਸੀਂ ਫ਼ੋਨ ਕਰ ਸਕਦੇ ਹੋ:




TTY

**1800 555 677**



ਸਪੀਕ ਐਂਡ ਲਿਸਨ (ਸੁਣੋ ਅਤੇ ਬੋਲੋ)

**1800 555 727**

National Relay Service

ਰਾਸ਼ਟਰੀ ਰੀਲੇਅ ਸੇਵਾ

**133 677**

**www.accesshub.gov.au/about-the-nrs**

# ਸ਼ਬਦ ਸੂਚੀ

ਇਹ ਸੂਚੀ ਦੱਸਦੀ ਹੈ ਕਿ ਇਸ ਯੋਜਨਾ ਵਿੱਚ **ਮੋਟੇ ਅੱਖਰਾਂ ਵਾਲੇ** ਸ਼ਬਦਾਂ ਦਾ ਕੀ ਅਰਥ ਹੈ।




**ਮੁਲਾਂਕਣ**

ਮੁਲਾਂਕਣ ਇਹ ਹੁੰਦੇ ਹਨ ਕਿ ਅਸੀਂ ਕਿਵੇਂ ਪਤਾ ਲਗਾਉਂਦੇ ਹਾਂ ਕਿ:

- ਤੁਹਾਡੀ ਅਪੰਗਤਾ ਤੁਹਾਡੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ
- ਤੁਹਾਨੂੰ NDIS ਤੋਂ ਕਿਸ ਸਹਾਇਤਾ ਦੀ ਲੋੜ ਹੈ।



**ਰਵੱਈਏ**

ਤੁਹਾਡਾ ਰਵੱਈਆ ਉਹ ਹੈ ਜੋ ਤੁਸੀਂ ਸੋਚਦੇ, ਮਹਿਸੂਸ ਕਰਦੇ ਅਤੇ ਵਿਸ਼ਵਾਸ ਕਰਦੇ ਹੋ।




**ਰੁਕਾਵਟ**

ਇੱਕ ਰੁਕਾਵਟ ਉਹ ਚੀਜ਼ ਹੈ ਜੋ ਤੁਹਾਨੂੰ ਕੁੱਝ ਅਜਿਹਾ ਕਰਨ ਤੋਂ ਰੋਕਦੀ ਹੈ ਜੋ:

- ਤੁਹਾਨੂੰ ਕਰਨ ਦੀ ਲੋੜ ਹੈ
- ਤੁਸੀਂ ਕਰਨਾ ਚਾਹੁੰਦੇ ਹੋ।



**ਕੈਰੀਅਰ**

ਇੱਕ ਕੈਰੀਅਰ ਉਹ ਮਾਰਗ ਹੁੰਦਾ ਹੈ ਜੋ ਤੁਸੀਂ ਆਪਣੇ ਚੁਣੇ ਹੋਏ ਕੰਮ ਦੇ ਖੇਤਰ ਵਿੱਚ ਲੈਂਦੇ ਹੋ।



## ਸ਼ਿਕਾਇਤ

ਜਦੋਂ ਤੁਸੀਂ ਸ਼ਿਕਾਇਤ ਕਰਦੇ ਹੋ, ਤੁਸੀਂ ਕਿਸੇ ਨੂੰ ਦੱਸਦੇ ਹੋ ਕਿ ਕੁੱਝ:

- ਗਲਤ ਹੋ ਗਿਆ ਹੈ
- ਚੰਗੀ ਤਰ੍ਹਾਂ ਕੰਮ ਨਹੀਂ ਕਰ ਰਿਹਾ ਹੈ।

## ਸੱਭਿਆਚਾਰਕ ਸੁਰੱਖਿਆ



ਸੱਭਿਆਚਾਰਕ ਸੁਰੱਖਿਆ ਉਦੋਂ ਹੁੰਦੀ ਹੈ ਜਦੋਂ ਅਸੀਂ:

- ਲੋਕਾਂ ਦੇ ਸੱਭਿਆਚਾਰ ਦਾ ਸਤਿਕਾਰ ਕਰਦੇ ਹਾਂ
- ਲੋਕਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਂਦੇ ਹਾਂ
- ਲੋਕਾਂ ਨੂੰ ਇਹ ਮਹਿਸੂਸ ਕਰਨ ਵਿੱਚ ਮੱਦਦ ਕਰਦੇ ਹਾਂ ਕਿ ਉਹ ਨਾਲ ਜੁੜੇ ਹੋਏ ਹਨ।




## ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD)

CALD ਲੋਕ:

- ਵੱਖ-ਵੱਖ ਪਿਛੋਕੜਾਂ ਤੋਂ ਆਉਂਦੇ ਹਨ
- ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਬੋਲਦੇ ਹਨ।



## ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਜਵਾਬਦੇਹ ਸੇਵਾ

ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਜਵਾਬਦੇਹ ਸੇਵਾ ਉਦੋਂ ਹੁੰਦੀ ਹੈ ਜਦੋਂ ਸੇਵਾਵਾਂ ਉਹਨਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੇ ਸੱਭਿਆਚਾਰਾਂ ਅਤੇ ਧਰਮਾਂ ਦਾ ਆਦਰ ਕਰਦੀਆਂ ਹਨ।

## ਸੱਭਿਆਚਾਰ ਲਈ



ਤੁਹਾਡਾ ਸੱਭਿਆਚਾਰ ਹੁੰਦਾ ਹੈ:

- ਤੁਹਾਡਾ ਜੀਵਨ ਢੰਗ
- ਤੁਹਾਡੇ ਲਈ ਕੀ ਮਹੱਤਵਪੂਰਨ ਹੈ।

## ਡੇਟਾ




ਜਦੋਂ ਅਸੀਂ ਡੇਟਾ ਬਾਰੇ ਗੱਲ ਕਰਦੇ ਹਾਂ, ਸਾਡਾ ਮਤਲਬ ਹੈ:

- ਤੱਥ
- ਜਾਣਕਾਰੀ
- ਰਿਕਾਰਡ।



## ਪਛਾਣ

ਜਦੋਂ ਤੁਸੀਂ ਕਿਸੇ ਚੀਜ਼ ਵਜੋਂ ਪਛਾਣੇ ਜਾਂਦੇ ਹੋ, ਤਾਂ ਤੁਸੀਂ ਕਹਿ ਰਹੇ ਹੁੰਦੇ ਹੋ ਕਿ ਤੁਸੀਂ ਲੋਕਾਂ ਦੇ ਇੱਕ ਖ਼ਾਸ ਗਰੁੱਪ ਨਾਲ ਸੰਬੰਧਿਤ ਹੋ।



## ਸ਼ਮੂਲੀਅਤ ਭਰੀਆਂ

ਜਦੋਂ ਕੋਈ ਚੀਜ਼ ਸ਼ਮੂਲੀਅਤ ਭਰੀ ਹੁੰਦੀ ਹੈ, ਤਾਂ ਹਰ ਕੋਈ:

- ਹਿੱਸਾ ਲੈ ਸਕਦਾ ਹੈ
- ਮਹਿਸੂਸ ਕਰਦਾ ਹੈ ਕਿ ਉਹ ਇਸ ਨਾਲ ਜੁੜਿਆ ਹੋਇਆ ਹੈ।

## ਦੁਭਾਸ਼ੀਏ




ਇੱਕ ਦੁਭਾਸ਼ੀਆ ਉਹ ਹੁੰਦਾ ਹੈ, ਜੋ:

- ਤੁਹਾਡੀ ਭਾਸ਼ਾ ਦੀ ਵਰਤੋਂ ਕਰਦਾ ਹੈ
- ਦੂਜਿਆਂ ਨਾਲ ਗੱਲਬਾਤ ਕਰਨ ਵਿੱਚ ਤੁਹਾਡੀ ਮੱਦਦ ਕਰਦਾ ਹੈ
- ਇਹ ਸਮਝਣ ਵਿੱਚ ਤੁਹਾਡੀ ਮੱਦਦ ਕਰਦਾ ਹੈ ਕਿ ਕੋਈ ਕੀ ਕਹਿ ਰਿਹਾ ਹੈ।

## NDIA ਯੋਜਨਾਕਾਰ




NDIA ਯੋਜਨਾਕਾਰ ਉਹ ਹੁੰਦਾ ਹੈ ਜੋ:

- ਨਵੀਆਂ ਯੋਜਨਾਵਾਂ ਬਣਾਉਂਦਾ ਹੈ
- ਯੋਜਨਾਵਾਂ ਨੂੰ ਬਦਲਦਾ ਹੈ।



## NDIS ਭਾਈਵਾਲ

NDIS ਭਾਈਵਾਲ ਉਹ ਲੋਕ ਹੁੰਦੇ ਹਨ ਜੋ ਸੇਵਾਵਾਂ ਨੂੰ ਲੱਭਣ ਅਤੇ ਵਰਤਣ ਵਿੱਚ ਦੂਜਿਆਂ ਦੀ ਮੱਦਦ ਕਰਦੇ ਹਨ।

## NDIS ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ (NDIS ਕਮਿਸ਼ਨ)




NDIS ਕਮਿਸ਼ਨ ਇਹ ਯਕੀਨੀ ਬਣਾਉਂਦਾ ਹੈ ਕਿ ਅਪੰਗਤਾ ਵਾਲੇ ਜੋ ਲੋਕ NDIS ਵਿੱਚ ਹਿੱਸਾ ਲੈਂਦੇ ਹਨ:

- ਉਹ ਸੁਰੱਖਿਅਤ ਹਨ
- ਉਹ ਚੰਗੀਆਂ ਸੇਵਾਵਾਂ ਪ੍ਰਾਪਤ ਕਰਦੇ ਹਨ।




## ਨਤੀਜੇ

ਨਤੀਜੇ ਉਹ ਤਰੀਕੇ ਹਨ ਜਿਨ੍ਹਾਂ ਨਾਲ ਸਾਡਾ ਕੰਮ ਲੋਕਾਂ ਦੇ ਜੀਵਨ ਨੂੰ ਬਦਲਦਾ ਹੈ।



## ਭਾਗੀਦਾਰ

ਭਾਗੀਦਾਰ ਅਪੰਗਤਾ ਵਾਲੇ ਲੋਕ ਹਨ ਜੋ NDIS ਵਿੱਚ ਹਿੱਸਾ ਲੈਂਦੇ ਹਨ।



## ਪ੍ਰਦਾਤਾ

ਪ੍ਰਦਾਤਾ ਅਪੰਗਤਾ ਵਾਲੇ ਲੋਕਾਂ ਦੀ ਸਹਾਇਤਾ ਇੱਕ ਸੇਵਾ ਪ੍ਰਦਾਨ ਕਰਕੇ ਕਰਦੇ ਹਨ।

## ਸ਼ਰਨਾਰਥੀ



ਸ਼ਰਨਾਰਥੀ ਉਹ ਵਿਅਕਤੀ ਹੁੰਦਾ ਹੈ ਜੋ ਇਹਨਾਂ ਕਰਕੇ ਆਪਣਾ ਦੇਸ਼ ਛੱਡਣ ਲਈ ਮਜ਼ਬੂਰ ਹੁੰਦਾ ਹੈ:

- ਹਿੰਸਾ ਦੇ ਕਾਰਨ
- ਤਾਂ ਕਿ ਉਹ ਸੁਰੱਖਿਅਤ ਰਹਿ ਸਕਣ।

### ਅਧਿਕਾਰ




ਅਧਿਕਾਰ ਇਸ ਬਾਰੇ ਨਿਯਮ ਹੁੰਦੇ ਹਨ ਕਿ ਲੋਕਾਂ ਵੱਲੋਂ ਤੁਹਾਡੇ ਨਾਲ ਕਿਵੇਂ ਪੇਸ਼ ਆਉਣਾ ਲਾਜ਼ਮੀ ਹੈ:

- ਨਿਰਪੱਖਤਾ ਨਾਲ
- ਸਮਾਨਤਾ ਨਾਲ




### ਰਣਨੀਤੀ

ਰਣਨੀਤੀ ਇਸ ਬਾਰੇ ਇੱਕ ਯੋਜਨਾ ਹੁੰਦੀ ਹੈ ਕਿ ਅਸੀਂ ਚੀਜ਼ਾਂ ਨੂੰ ਕਿਵੇਂ ਬਿਹਤਰ ਬਣਾਵਾਂਗੇ।


### ਸਦਮਾ



ਸਦਮਾ ਉਹ ਤਰੀਕਾ ਹੈ ਜੋ ਤੁਸੀਂ ਆਪਣੇ ਨਾਲ ਵਾਪਰੀ ਕਿਸੇ ਮਾੜੀ ਚੀਜ਼ ਬਾਰੇ ਮਹਿਸੂਸ ਕਰਦੇ ਹੋ।

ਉਦਾਹਰਨ ਲਈ, ਤੁਸੀਂ ਡਰ ਜਾਂ ਤਣਾਅ ਮਹਿਸੂਸ ਕਰਦੇ ਹੋ ਸਕਦੇ ਹੋ।

ਸਦਮਾ ਲੋਕਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਭਾਵਿਤ ਕਰ ਸਕਦਾ ਹੈ।



ਇਨਫੌਰਮੇਸ਼ਨ ਐਕਸੈਸ ਗਰੁੱਪ ਨੇ ਸਟਾਕ ਫੋਟੋਗ੍ਰਾਫੀ ਅਤੇ ਕਸਟਮ ਚਿੱਤਰਾਂ ਦੀ ਵਰਤੋਂ ਕਰਦੇ ਹੋਏ ਇਸ ਸੌਖੇ ਪੜ੍ਹਨ ਵਾਲੇ (ਈਜ਼ੀ ਰੀਡ) ਦਸਤਾਵੇਜ਼ ਨੂੰ ਬਣਾਇਆ ਹੈ। ਇਨ੍ਹਾਂ ਚਿੱਤਰਾਂ ਨੂੰ ਬਿਨਾਂ ਇਜਾਜ਼ਤ ਦੇ ਦੁਬਾਰਾ ਨਹੀਂ ਵਰਤਿਆ ਜਾ ਸਕਦਾ ਹੈ। ਇਨ੍ਹਾਂ ਚਿੱਤਰਾਂ ਬਾਰੇ ਕਿਸੇ ਵੀ ਪੁੱਛਗਿੱਛ ਲਈ, ਕਿਰਪਾ ਕਰਕੇ **www.informationaccessgroup.com** 'ਤੇ ਜਾਓ। ਜੌਬ ਨੰਬਰ 5212-B ਨੂੰ ਹਵਾਲਾ ਅੰਕ ਵਜੋਂ ਦੱਸੋ।

ndis

ndis.gov.au